# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922


ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 05 ਮਾਰਚ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਨੁੱਖੀ ਮਨ ਅਤੇ ਸਮਾਜਿਕ ਸਰੋਕਾਰਾਂ ਦਾ ਸ਼ੀਸ਼ਾ 'ਇਕ ਹੰਝੂ ਦਾ ਭਾਰ'-ਪੁਸਤਕ ਚਰਚਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ






ਪੰਜਾਬੀ ਸਾਹਿਤ ਵਿੱਚ ਦੋਹਾ ਇੱਕ ਅਜਿਹੀ ਕਾਵਿ-ਵੰਨਗੀ ਹੈ ਜੋ ਘੱਟ ਤੋਂ ਘੱਟ ਸ਼ਬਦਾਂ ਵਿੱਚ ਵੱਧ ਤੋਂ ਵੱਧ ਗੱਲ ਕਹਿਣ ਦੀ ਸਮਰੱਥਾ ਰੱਖਦੀ ਹੈ। ਸ਼ਾਇਰ ਮੋਹਨ ਗਿੱਲ ਦੀ ਨਵੀਂ ਪੁਸਤਕ 'ਇਕ ਹੰਝੂ ਦਾ ਭਾਰ' ਇਸੇ ਪਰੰਪਰਾ ਨੂੰ ਅੱਗੇ ਤੋਰਦੀ ਹੋਈ ਅਜੋਕੇ ਮਨੁੱਖੀ ਜੀਵਨ ਦੀਆਂ ਅਨੇਕ ਪਰਤਾਂ ਨੂੰ ਫੋਲਦੀ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿੱਚ ਕੁੱਲ 390 ਦੋਹੇ ਸ਼ਾਮਲ ਹਨ, ਜੋ ਪਾਠਕ ਨੂੰ ਇੱਕ ਅਜਿਹੇ ਸਫ਼ਰ 'ਤੇ ਲੈ ਜਾਂਦੇ ਹਨ ਜਿੱਥੇ ਵਿਅੰਗ ਵੀ ਹੈ, ਦਰਦ ਵੀ ਹੈ ਅਤੇ ਜੀਵਨ ਦਾ ਡੂੰਘਾ ਫ਼ਲਸਫ਼ਾ ਵੀ।

ਪੁਸਤਕ ਦਾ ਸਿਰਲੇਖ 'ਇਕ ਹੰਝੂ ਦਾ ਭਾਰ' ਹੀ ਸ਼ਾਇਰ ਦੀ ਡੂੰਘੀ ਸੰਵੇਦਨਸ਼ੀਲਤਾ ਦਾ ਪ੍ਰਤੀਕ ਹੈ। ਜਦੋਂ ਉਹ ਕਹਿੰਦੇ ਹਨ ਕਿ ਸਾਰਾ ਸੰਸਾਰ ਸਿਰ 'ਤੇ ਚੁੱਕ ਕੇ ਤੁਰਨਾ ਸੌਖਾ ਹੈ ਪਰ ਇੱਕ ਹੰਝੂ ਦਾ ਭਾਰ ਚੁੱਕਣਾ ਔਖਾ ਹੈ ਤਾਂ ਉਹ ਮਨੁੱਖੀ ਦਰਦ ਦੀ ਉਸ ਸੁਖਮਤਾ ਦੀ ਗੱਲ ਕਰਦੇ ਹਨ ਜਿਸ ਨੂੰ ਅੱਜ ਦਾ ਪਦਾਰਥਵਾਦੀ ਮਨੁੱਖ ਭੁਲਦਾ ਜਾ ਰਿਹਾ ਹੈ ਅਤੇ ਦੋਹਿਆਂ ਦਾ ਇਹ ਸੰਗ੍ਰਹਿ ਅਸਲ ਵਿੱਚ ਮਨੁੱਖੀ ਅੱਖ ਦੇ ਉਸ ਹੰਝੂ ਦੀ ਇਤਿਹਾਸਕ ਅਤੇ ਸਮਾਜਿਕ ਵਿਆਖਿਆ ਹੈ। ਮੋਹਨ ਗਿੱਲ ਲਿਖਦੇ ਹਨ:

"ਧਰ ਕੇ ਸਿਰ 'ਤੇ ਤੁਰ ਪਵਾਂ ਇਹ ਸਾਰਾ ਸੰਸਾਰ,

ਔਖਾ ਪਰ ਹੈ ਚੁੱਕਣਾ ਇਕ ਹੰਝੂ ਦਾ ਭਾਰ"

ਮੋਹਨ ਗਿੱਲ ਅੱਜ ਦੇ ਦੌਰ ਵਿੱਚ ਧਰਮ ਦੇ ਨਾਂ 'ਤੇ ਫੈਲੇ ਖੋਖਲੇਪਣ ਨੂੰ ਬੜੀ ਬੇਬਾਕੀ ਨਾਲ ਨੰਗਾ ਕਰਦੇ ਹਨ। ਉਹ ਦੇਖਦੇ ਹਨ ਕਿ ਇਨਸਾਨ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਵਿੱਚ ਤਾਂ ਵੰਡਿਆ ਗਿਆ ਹੈ ਪਰ ਉਸ ਅੰਦਰੋਂ 'ਇਨਸਾਨੀਅਤ' ਮਨਫ਼ੀ ਹੁੰਦੀ ਜਾ ਰਹੀ ਹੈ। ਉਹ ਸਿੱਧਾ ਸਵਾਲ ਕਰਦੇ ਹਨ ਕਿ ਜੇਕਰ ਧਰਮ ਬੰਦੇ ਨੂੰ ਬੰਦਾ ਨਹੀਂ ਬਣਾ ਸਕਿਆ ਤਾਂ ਅਜਿਹੇ ਕਰਮਕਾਂਡਾਂ ਦਾ ਕੀ ਲਾਭ?

"ਹਿੰਦੂ ਮੁਸਲਿਮ ਸਿੱਖ ਤੇ ਨਜ਼ਰ ਇਸਾਈ ਆਣ

ਸਭ ਧਰਮਾਂ ਦੇ ਹੁੰਦਿਆਂ ਮਨਫੀ ਹੈ ਇਨਸਾਨ"

ਉਹਨਾਂ ਅਨੁਸਾਰ ਰੱਬ ਦੀ ਹੋਂਦ ਬੰਦੇ ਨਾਲ ਹੈ, ਪਰ ਬੰਦਾ ਆਪਣੇ ਡਰਾਂ ਨੂੰ ਛੁਪਾਉਣ ਲਈ ਕਰਮਕਾਂਡਾਂ ਦੀਆਂ ਗੋਂਦਾਂ ਗੁੰਦ ਰਿਹਾ ਹੈ। ਸ਼ਾਇਰ ਨੇ ਅਜੋਕੇ ਫੈਸ਼ਨ, ਦਿਖਾਵੇ ਦੀ ਪ੍ਰਵਿਰਤੀ ਅਤੇ ਬੌਧਿਕ ਕੰਗਾਲੀ 'ਤੇ ਵੀ ਚੋਟ ਕੀਤੀ ਹੈ।

"ਵਿਕਦੀ ਮਹਿੰਗੇ ਮੁੱਲ ਹੈ ਫਟੀ ਪੁਰਾਣੀ ਪੈਂਟ

ਬਿਨਾ ਨਹਾਤੇ ਲੋਕ ਹੁਣ ਛਿੜਕਣ ਪਿੰਡੇ ਸੈਂਟ"

ਮਹਿੰਗੇ ਮੁੱਲ ਵਿਕਦੀਆਂ ਫਟੀਆਂ ਪੈਂਟਾਂ ਅਤੇ ਪਿੰਡੇ 'ਤੇ ਛਿੜਕੇ ਸੈਂਟਾਂ ਦਾ ਜ਼ਿਕਰ ਅਸਲ ਵਿੱਚ ਉਸ ਮਾਨਸਿਕਤਾ 'ਤੇ ਵਿਅੰਗ ਹੈ ਜੋ ਅੰਦਰੂਨੀ ਗੰਦਗੀ ਨੂੰ ਬਾਹਰੀ ਲਿਸ਼ਕ-ਪੁਸ਼ਕ ਨਾਲ ਢਕਣਾ ਚਾਹੁੰਦੀ ਹੈ। ਇਹ ਅਸਲ ਵਿੱਚ ਮਨੁੱਖੀ ਰੂਹ ਦੀ ਬਦਬੂ ਨੂੰ ਲੁਕਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਹਨ।

ਇਸ ਪੁਸਤਕ ਵਿਚ ਮੋਹਨ ਗਿੱਲ ਨੇ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਮੌਕਾਪ੍ਰਸਤੀ 'ਤੇ ਵੀ ਕਰਾਰੀ ਚੋਟ ਕੀਤੀ ਹੈ। ਜਦੋਂ ਲੇਖਕ ਸ਼ਾਹੂਕਾਰਾਂ ਅੱਗੇ ਝੁਕ ਕੇ ਆਪਣੀ 'ਰੀੜ੍ਹ ਦੀ ਹੱਡੀ' ਵੇਚ ਕੇ ਇਨਾਮਾਂ ਦੀ ਤਲਾਸ਼ ਕਰਦੇ ਹਨ ਤਾਂ ਸਾਹਿਤ ਆਪਣੀ ਪਵਿੱਤਰਤਾ ਗੁਆ ਬੈਠਦਾ ਹੈ। ਮੋਹਨ ਗਿੱਲ ਅਜਿਹੇ ਬੌਧਿਕ ਵਰਗ ਨੂੰ ਸ਼ੀਸ਼ਾ ਦਿਖਾਉਣ ਦਾ ਹੌਸਲਾ ਰੱਖਦੇ ਹਨ।

"ਲੇਖਕ ਸ਼ਾਹੂਕਾਰ ਨੂੰ ਝੁਕ ਝੁਕ ਕਰਨ ਸਲਾਮ

ਰੀੜ੍ਹ ਦੀ ਹੱਡੀ ਵੇਚ ਕੇ ਲੈਂਦੇ ਫਿਰ ਇਨਾਮ"

ਮੋਹਨ ਗਿੱਲ ਪੰਜਾਬ ਦੇ ਦਰਦ ਤੋਂ ਵੀ ਅਭਿੱਜ ਨਹੀਂ। ਨਸ਼ਿਆਂ ਕਾਰਨ ਨੌਜਵਾਨੀ ਦੇ ਖਤਮ ਹੋਣ ਦਾ ਦੁੱਖ ਉਸ ਦੇ ਦੋਹਿਆਂ ਵਿੱਚ ਸਾਫ਼ ਨਜ਼ਰ ਆਉਂਦਾ ਹੈ। ਪੰਜਾਬ ਵਿੱਚ ਨਸ਼ਿਆਂ ਕਾਰਨ ਰੋਜ਼ ਪੈ ਰਹੇ ਮਰਗ ਦੇ ਭੋਗ ਸ਼ਾਇਰ ਲਈ ਮਹਿਜ਼ ਖ਼ਬਰਾਂ ਨਹੀਂ, ਸਗੋਂ ਰੂਹ ਦਾ ਜ਼ਖ਼ਮ ਹਨ।

"ਉਂਜ ਪੰਜਾਬ 'ਚ ਖ਼ੈਰ ਹੈ ਇੱਕੋ ਗੱਲ ਦਾ ਸੋਗ,

ਨਸ਼ਿਆਂ ਕਾਰਨ ਪੈ ਰਹੇ ਰੋਜ਼ ਮਰਗ ਦੇ ਭੋਗ"

ਇਹ ਪੰਕਤੀਆਂ ਸਿਰਫ਼ ਸ਼ਬਦ ਨਹੀਂ, ਸਗੋਂ ਇੱਕ ਚੀਖ ਹਨ, ਇੱਕ ਸੁਚੇਤ ਕਵੀ ਦੀ ਚੀਖ ਜੋ ਆਪਣੇ ਸਮਾਜ ਨੂੰ ਗਰਕਦਾ ਹੋਇਆ ਦੇਖ ਕੇ ਤੜਪ ਰਿਹਾ ਹੈ।

ਉਹ ਕੁਦਰਤ ਨਾਲੋਂ ਟੁੱਟ ਕੇ ਫ਼ੋਨਾਂ ਦੀ ਚਕਾਚੌਂਧ ਵਿੱਚ ਗੁਆਚੀ ਜਵਾਨੀ ਨੂੰ ਵੀ ਵਾਪਸ ਮੁੜਨ ਦਾ ਹੋਕਾ ਦਿੰਦੇ ਹਨ। ਗਿਆਨ ਦੀ ਅਸਲ ਪਰਿਭਾਸ਼ਾ ਦਿੰਦਿਆਂ ਉਹ ਕਹਿੰਦੇ ਹਨ ਕਿ ਕਿਤਾਬਾਂ ਦਾ ਭਾਰ ਢੋਣ ਵਾਲੇ 'ਵਿਦਵਾਨ' ਨਹੀਂ ਹੁੰਦੇ, ਸਗੋਂ ਗਿਆਨ ਤਾਂ ਉਹ ਹੈ ਜੋ ਸੂਰਜ ਦੀ ਧੁੱਪ ਵਾਂਗ ਬਿਨਾਂ ਬੋਲੇ ਆਪਣਾ ਪ੍ਰਭਾਵ ਛੱਡਦਾ ਹੈ। ਗਿਆਨਵਾਨ ਦੀ 'ਚੁੱਪ' ਅਤੇ ਅਗਿਆਨੀ ਦੀ 'ਕੂਕ' ਵਿਚਲਾ ਅੰਤਰ ਉਹਨਾਂ ਦੇ ਦੋਹਿਆਂ ਵਿੱਚ ਸਾਫ਼ ਝਲਕਦਾ ਹੈ। ਗਿਆਨ ਅਤੇ ਅਗਿਆਨ, ਬੋਲਣ ਅਤੇ ਚੁੱਪ, ਅਸਲ ਅਤੇ ਨਕਾਬ ਵਿਚਕਾਰ ਦਾ ਟਕਰਾਅ ਵੀ ਇਹਨਾਂ ਦੋਹਿਆਂ ਵਿਚ ਬਹੁਤ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ।

"ਅਗਿਆਨੀ ਨੇ ਕੂਕਦੇ ਗਿਆਨਵਾਨ ਨੇ ਚੁੱਪ

ਬੋਹਲਾਂ ਨੂੰ ਮੱਤਾਂ ਦਵੇ ਤੂੜੀ ਵਾਲਾ ਕੁੱਪ"

ਇਸ ਦੋਹੇ ਵਿੱਚ ਅੱਜ ਦੇ ਸਮਾਜ ਦੀ ਤਰਾਸਦੀ ਸਮਾਈ ਹੋਈ ਹੈ, ਜਿੱਥੇ ਗਿਆਨ ਅਕਸਰ ਚੁੱਪ ਰਹਿ ਜਾਂਦਾ ਹੈ ਅਤੇ ਅਗਿਆਨ ਦੇ ਸ਼ੋਰ ਦਾ ਬੋਲ ਬਾਲਾ ਹੋ ਜਾਂਦਾ ਹੈ।

ਸਮੁੱਚੇ ਤੌਰ 'ਤੇ ਮੋਹਨ ਗਿੱਲ ਦੀ ਇਹ ਪੁਸਤਕ ਦੋਹਿਆਂ ਰਾਹੀਂ ਲਿਖਿਆ ਗਿਆ ਇੱਕ ਸਮਾਜਿਕ ਦਸਤਾਵੇਜ਼ ਹੈ। ਇਹ ਪਾਠਕ ਨੂੰ ਉਪਦੇਸ਼ ਨਹੀਂ ਦਿੰਦੀ ਸਗੋਂ ਆਇਨਾ ਦਿਖਾਉਂਦੀ ਹੈ। ਇਸ ਦੀ ਭਾਸ਼ਾ ਸੌਖੀ ਪਰ ਅਰਥ ਗਹਿਰੇ ਹਨ। ਇਹ ਮਨ ਨੂੰ ਝੰਜੋੜਨ ਵਾਲੀ, ਸੋਚ ਨੂੰ ਜਗਾਉਣ ਵਾਲੀ ਅਤੇ ਸੰਵੇਦਨਾ ਨੂੰ ਮਜ਼ਬੂਤ ਕਰਨ ਵਾਲੀ ਕਿਤਾਬ ਹੈ ਜੋ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਅਤੇ ਅਹਿਮ ਥਾਂ ਬਣਾਉਂਦੀ ਹੈ। ਇਹ ਪੁਸਤਕ ਪਾਠਕ ਨੂੰ ਸਵੈ-ਪੜਚੋਲ ਕਰਨ ਲਈ ਪ੍ਰੇਰਦੀ ਹੈ ਅਤੇ ਹਰ ਉਸ ਪਾਠਕ ਲਈ ਜ਼ਰੂਰੀ ਹੈ ਜੋ ਸਮਾਜ ਨੂੰ ਬਦਲਣ ਦੀ ਤਾਂਘ ਰੱਖਦਾ ਹੈ ਅਤੇ ਸ਼ਬਦਾਂ ਰਾਹੀਂ ਸੱਚ ਦੇ ਰਾਹ ਤੁਰਨ ਦੀ ਲੋਚਾ ਰੱਖਦਾ ਹੈ।

## ਪਿੰਡ ਕੰਮੇਆਣਾ ਵਿਖੇ ਮੇਲਾ 'ਬਾਬਾ ਸ਼ੈਦੂ ਸ਼ਾਹ' ਦੌਰਾਨ ਓਪਨ ਕਬੱਡੀ ਕੱਪ ਕਰਵਾਇਆ

### ਸਪੀਕਰ ਕੁਲਤਾਰ ਸਿੰਘ ਸੰਧਵਾਂ ਬਤੌਰ ਮੁੱਖ ਮਹਿਮਾਨ ਵਜੋਂ ਹੋਏ ਸ਼ਾਮਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 5 ਮਾਰਚ (ਟਿੰਕੂ ਕੁਮਾਰ/ਵਰਲਡ ਪੰਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਬੀਤੀ ਸ਼ਾਮ ਨੇੜਲੇ ਪਿੰਡ ਕੰਮੇਆਣਾ ਵਿਖੇ ਮੇਲਾ ਬਾਬਾ ਸ਼ੈਦੂ ਸ਼ਾਹ ਦੋਰਾਨ ਕਰਵਾਏ ਜਾ ਰਹੇ ਓਪਨ ਕਬੱਡੀ ਕੱਪ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸਪੀਕਰ ਸੰਧਵਾਂ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਕਿਹਾ ਕਿ ਪਿੰਡ ਪੱਧਰ 'ਤੇ ਹੋਣ ਵਾਲੇ ਖੇਡ ਮੇਲੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਸਹਾਇਕ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਬੱਡੀ ਪੰਜਾਬ ਦੀ ਰੂਹ ਨਾਲ ਜੁੜੀ ਖੇਡ ਹੈ ਅਤੇ ਇਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ



ਖਾਸ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸਪੀਕਰ ਸੰਧਵਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਗਰਾਂਊਡ ਵਿੱਚ ਖੇਡਦਾ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਹੈ ਕਿ ਹਰ ਇੱਕ ਪਿੰਡ ਵਿੱਚ ਖੇਡ ਸਟੇਡੀਅਮ ਬਣਾਇਆ ਜਾਵੇ ਅਤੇ ਇਸ ਸੋਚ ਦੇ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪਿੰਡਾਂ ਦੇ ਸਰਬਪੱਖੀ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਿੰਡ ਕੰਮੇਆਣਾ ਵਿਖੇ ਖੇਡ ਸਟੇਡੀਅਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਥੋੜੇ ਸਮੇਂ ਬਾਅਦ ਪਿੰਡ ਵਿੱਚ 1.50 ਕਰੋੜ ਦੀ ਲਾਗਤ ਨਾਲ ਹਸਪਤਾਲ ਵੀ ਬਣਾ ਕੇ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੀਤੇ ਸਿਹਤ, ਸਿੱਖਿਆ, ਵਿਕਾਸ ਦੇ ਕੰਮਾਂ ਅਤੇ ਬਿਜਲੀ ਮੁਆਫੀ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਆਯੋਜਕ ਕਮੇਟੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਧਾਰਮਿਕ ਮੇਲਿਆਂ ਨਾਲ ਖੇਡ ਮੁਕਾਬਲੇ ਕਰਵਾਉਣ ਦੀ ਪ੍ਰੰਪਰਾ ਸਾਡੀ ਸੰਸਕ੍ਰਿਤਕ ਵਿਰਾਸਤ ਨੂੰ ਮਜ਼ਬੂਤ ਕਰਦੀ ਹੈ। ਇਸ ਦੌਰਾਨ ਉਨ੍ਹਾਂ ਜੇਤੂ ਅਤੇ ਉਪ-ਜੇਤੂ ਟੀਮਾਂ ਨੂੰ ਇਨਾਮ ਵੰਡੇ ਅਤੇ ਖਿਡਾਰੀਆਂ ਨੂੰ ਭਵਿੱਖ ਵਿੱਚ ਹੋਰ ਉੱਚੀਆਂ ਉਪਲਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਗੁਰਪ੍ਰੀਤ ਸਿੰਘ ਗੈਰੀ ਵੜਿੰਗ, ਜਗਤਾਰ ਸਿੰਘ ਸਰਪੰਚ ਖਾਰਾ, ਸੀਨੀਅਰ 'ਆਪ' ਆਗੂ ਸੰਦੀਪ ਸਿੰਘ ਕੰਮੇਆਣਾ ਤੋਂ ਇਲਾਵਾ ਵੱਡੀ ਵਿੱਚ ਪਿੰਡ ਵਾਸੀ ਅਤੇ ਖੇਡ ਪ੍ਰੇਮੀ ਹਾਜ਼ਰ ਸਨ।

## ਦਸਮੇਸ਼ ਗਲੋਰੀਅਸ ਸਕੂਲ ਵਿਖੇ ਹੋਲੀ ਦਾ ਤਿਉਹਾਰ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 5 ਮਾਰਚ : ਨੇੜਲੇ ਪਿੰਡ ਹਰੀਨੌ ਵਿਖੇ ਸਥਿੱਤ ਸਿਰਮੋਰ ਵਿਦਿਆ ਸੰਸਥਾ ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿਖੇ ਹੋਲੀ ਦਾ ਤਿਉਹਾਰ ਮਨਾਇਆ ਗਿਆ। ਮੰਚ ਸੰਚਾਲਨ ਦੀ ਭੂਮਿਕਾ ਚੋਥੀ ਜਮਾਤ ਦੀ ਏਕਮਜੀਤ ਕੌਰ ਨੇ ਕੀਤੀ, ਜਦਕਿ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਅਧਿਆਪਕਾ ਲਕਸ਼ਮੀ ਨੇਗੀ ਦੁਆਰਾ ਹੋਲੀ ਦੇ ਤਿਉਹਾਰ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਇਸ ਤੋਂ ਬਾਅਦ ਪ੍ਰੀਨਰਸਰੀ, ਨਰਸਰੀ, ਐਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਬੱਚਿਆਂ ਨੇ ਹੋਲੀ ਨਾਲ ਸਬੰਧਤ ਕਵਿਤਾ ਦਾ ਉਚਾਰਨ ਕੀਤਾ। ਛੇਵੀਂ ਜਮਾਤ ਦੀ ਵਿਦਿਆਰਥਨ ਐਵਲੀਨ ਨੇ ਹੋਲੀ ਦੇ ਤਿਉਹਾਰ ਨਾਲ ਸਬੰਧਤ ਭਾਸ਼ਣ ਵੀ ਦਿੱਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ/ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਧੀਰ ਨੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਹੋਲੀ ਦੇ ਤਿਉਹਾਰ ਬਾਰੇ ਦੱਸਦਿਆਂ ਸਾਰੇ ਵਿਦਿਆਰਥੀਆਂ ਨੂੰ ਬਿਨਾਂ ਭੇਦਭਾਵ ਤੋਂ ਰਲ ਮਿਲ ਕੇ ਤਿਉਹਾਰ ਮਨਾਉਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਬੱਚਿਆਂ ਨੇ ਆਪਸ ਵਿੱਚ ਰੰਗ ਖੇਡ ਕੇ ਬੜੀ ਖੁਸ਼ੀ ਨਾਲ ਹੋਲੀ ਦਾ ਤਿਉਹਾਰ ਮਨਾਇਆ।

## 'ਪੰਜਾਬ ਬਜਟ ਸੈਸ਼ਨ-2026'

### ਅਰਸ਼ ਸੱਚਰ ਨੇ ਬਜਟ ਸ਼ੈਸ਼ਨ ਨੂੰ ਧਿਆਨ 'ਚ ਰੱਖਦਿਆਂ ਫਰੀਦਕੋਟ ਹਲਕੇ ਦੇ ਵਿਕਾਸ ਲਈ ਮੰਗਿਆ ਵਿਸ਼ੇਸ਼ ਪੈਕੇਸ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਅਰਸ਼ ਸੱਚਰ ਸਮਾਜਸੇਵੀ

ਕੋਟਕਪੂਰਾ/ਫਰੀਦਕੋਟ, 5 ਮਾਰਚ : ਫਰੀਦਕੋਟ ਦੇ ਲੋਕਾਂ ਦੀ ਆਵਾਜ਼ ਬਣ ਕੇ ਲਗਾਤਾਰ ਜਨਹਿੱਤ ਦੇ ਮੁੱਦਿਆਂ ਨੂੰ ਉਠਾਉਣ ਵਾਲੇ ਸਮਾਜਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਰਸ਼ ਸੱਚਰ ਨੇ ਪੰਜਾਬ ਬਜਟ ਸੈਸ਼ਨ 2026 ਨੂੰ ਧਿਆਨ ਵਿੱਚ ਰੱਖਦਿਆਂ ਫਰੀਦਕੋਟ ਵਿਧਾਨ ਸਭਾ ਹਲਕੇ ਦੇ ਸਮੂਹਿਕ ਵਿਕਾਸ ਲਈ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਨੂੰ ਇੱਕ ਵਿਸਥਾਰਪੂਰਵਕ ਪੱਤਰ ਭੇਜ ਕੇ ਖਾਸ ਵਿਕਾਸ ਪੈਕੇਜ ਅਤੇ ਵੱਧ ਤੋਂ ਵੱਧ ਬਜਟ ਅਲਾਟਮੈਂਟ ਦੀ ਮੰਗ ਕੀਤੀ ਹੈ। ਆਪਣੇ ਪੱਤਰ ਵਿੱਚ ਉਨ੍ਹਾਂ ਦਰਸਾਇਆ ਕਿ ਫਰੀਦਕੋਟ ਇਤਿਹਾਸਕ, ਸਿੱਖਿਆ ਅਤੇ ਸਿਹਤ ਦੇ ਪੱਖੋਂ ਮਹੱਤਵਪੂਰਨ ਜ਼ਿਲ੍ਹਾ ਹੋਣ ਦੇ ਬਾਵਜੂਦ ਕਈ ਬੁਨਿਆਦੀ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਬਜਟ 2026 ਵਿੱਚ ਫਰੀਦਕੋਟ ਲਈ ਖਾਸ ਤੌਰ 'ਤੇ ਵੱਡਾ ਬਜਟ ਰਾਖਵ ਕੀਤਾ ਜਾਵੇ ਤਾਂ ਇਸ ਹਲਕੇ ਨੂੰ ਵਿਕਾਸ ਦੇ ਮਾਡਲ ਵਜੋਂ ਤਿਆਰ ਕੀਤਾ ਜਾ ਸਕਦਾ ਹੈ। ਅਰਸ਼ ਸੱਚਰ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਬਜਟ ਤਿਆਰ ਕਰਦੇ ਸਮੇਂ ਫਰੀਦਕੋਟ ਲਈ ਇੱਕ ਵਿਸਥਾਰਪੂਰਵਕ ਵਿਕਾਸ ਰੋਡਮੈਪ ਤਿਆਰ ਕਰਕੇ ਸੜਕਾਂ ਅਤੇ ਟਰੈਫਿਕ ਸੁਰੱਖਿਆ, ਸੈਮ ਨਾਲਾ ਪੁੱਲ ਅਤੇ ਹੋਰ ਪੁੱਲੀਆਂ ਦੀ ਮਜ਼ਬੂਤੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿੱਚ ਆਧੁਨਿਕ ਸਹੂਲਤਾਂ, ਸ਼ਹਿਰ ਅਤੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਪ੍ਰਣਾਲੀ ਦਾ ਵਿਸਥਾਰ, ਨੇਹਰੂ ਸਟੇਡੀਅਮ ਦੀ ਆਧੁਨਿਕਤਾ, ਯੁਵਾਂ ਲਈ ਖੇਡ ਸਹੂਲਤਾਂ, ਨਹਿਰ ਕਿਨਾਰੇ ਟੂਰਿਜ਼ਮ ਅਤੇ ਫਿਟਨੈਸ ਕੋਰੀਡੋਰ ਦਾ ਵਿਕਾਸ, ਨਵੀਆਂ ਕਾਲੋਨੀਆਂ ਵਿੱਚ ਬੁਨਿਆਦੀ ਢਾਂਚਾ ਅਤੇ ਸਮਾਰਟ ਸਟਰੀਟ ਲਾਈਟਿੰਗ ਅਤੇ ਕਿਸਾਨਾਂ ਤੇ ਨੌਜਵਾਨਾਂ ਲਈ ਹੁਨਰ ਵਿਕਾਸ ਅਤੇ ਰੋਜ਼ਗਾਰ ਯੋਜਨਾਵਾਂ ਵਰਗੇ ਪ੍ਰੋਜੈਕਟਾਂ ਲਈ ਵੱਡੇ ਪੱਧਰ 'ਤੇ ਬਜਟ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਉਹ ਲੰਮੇ ਸਮੇਂ ਤੋਂ 'ਮਸ਼ਨ 2027 ਫਰੀਦਕੋਟ ਫਰਸਟ' ਦੇ ਵਿਜ਼ਨ ਨਾਲ ਲੋਕਾਂ ਦੇ ਮੁੱਦੇ ਸਰਕਾਰ ਤੱਕ ਪਹੁੰਚਾ ਰਹੇ ਹਨ ਅਤੇ ਇਹ ਮੰਗ ਵੀ ਉਸੇ ਲੜੀ ਦਾ ਹਿੱਸਾ ਹੈ। ਅਰਸ਼ ਸੱਚਰ ਨੇ ਕਿਹਾ ਕਿ ਜੇਕਰ ਸਰਕਾਰ ਬਜਟ ਸੈਸ਼ਨ 2026 ਵਿੱਚ ਫਰੀਦਕੋਟ ਲਈ ਖਾਸ ਤਰਜੀਹ ਦੇ ਕੇ ਵੱਡਾ ਵਿਕਾਸ ਪੈਕੇਜ ਐਲਾਨ ਕਰਦੀ ਹੈ ਤਾਂ ਇਸ ਨਾਲ ਇਲਾਕੇ ਦੀ ਤਰੱਕੀ ਤੇਜ਼ ਹੋਵੇਗੀ ਅਤੇ ਲੋਕਾਂ ਦਾ ਸਰਕਾਰ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਅੰਤ ਵਿੱਚ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਲੋਕਾਂ ਦੀ ਆਵਾਜ਼ ਬਣ ਕੇ ਹਰ ਮੰਚ 'ਤੇ ਫਰੀਦਕੋਟ ਦੇ ਹੱਕ ਅਤੇ ਵਿਕਾਸ ਲਈ ਲੜਦੇ ਰਹਿਣਗੇ ਅਤੇ ਜਨਹਿੱਤ ਦੇ ਮੁੱਦਿਆਂ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

## ਗੌਤਮ ਬੁੱਧ ਐਜੂਕੇਸ਼ਨਲ ਐਂਡ ਚੈਰੀਟੇਬਲ ਵੈਲਫੇਅਰ ਸੋਸਾਇਟੀ ਦੀ ਹੋਈ ਅਹਿਮ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 5 ਮਾਰਚ : ਅੱਜ ਗੌਤਮ ਬੁੱਧ ਐਜੂਕੇਸ਼ਨਲ ਐਂਡ ਚੈਰੀਟੇਬਲ ਵੈਲਫੇਅਰ ਸੋਸਾਇਟੀ ਦੀ ਸ਼੍ਰੀ ਪਰਮਪਾਲ ਸਾਕਿਆ ਪ੍ਰਧਾਨ ਜੀ ਦੇ ਗ੍ਰਹਿ ਵਿਖੇ ਬਹੁਤ ਹੀ ਅਹਿਮ ਮੀਟਿੰਗ ਹੋਈ। ਜਿਸ ਵਿੱਚ ਸਾਕਿਆ ਸਮਾਜ ਦੇ ਬਹੁਤ ਸਾਰੇ ਮੈਂਬਰਾਂ, ਸੋਸਾਇਟੀ ਅਹੁਦੇਦਾਰਾਂ ਅਤੇ ਬੁੱਧ ਭਿੱਖੂਆਂ ਨੇ ਹਿੱਸਾ ਲਿਆ, ਜਿਸ ਦਾ ਮੌਕਾ ਏਜੰਡਾ ਆਉਣ ਵਾਲੇ ਬੁੱਧ ਪੂਰਨਿਮਾ ਨੂੰ ਬਹੁਤ ਹੀ ਧੂਮਧਾਮ ਨਾਲ ਮਨਾਉਣ ਨਾਲ ਸੰਬੰਧਿਤ ਸੀ। ਇਸ ਮੀਟਿੰਗ ਵਿੱਚ ਸ਼੍ਰੀ ਪਰਮਪਾਲ ਸਾਕਿਆ ਪ੍ਰਧਾਨ ਦੀ ਪੋਤੀ ਸਮਾਇਰਾ ਦੇ ਜਨਮਦਿਨ ਮੌਕੇ ਬੁੱਧ ਭਿਖੂਆਂ ਨੇ ਪਹੁੰਚ ਕੇ ਉਸ ਨੂੰ ਆਸ਼ੀਰਵਾਦ ਦਿੱਤਾ ਅਤੇ ਬੁੱਧ ਵੰਦਨਾ ਕੀਤੀ। ਬੁੱਧ ਤਿਖੂਆਂ ਨੇ ਭਗਵਾਨ ਬੁੱਧ ਦੁਆਰਾ ਦਿੱਤੇ ਗਏ ਉਪਦੇਸ਼ਾਂ ਬਾਰੇ ਸਮਾਜ ਦੇ ਬੱਚਿਆਂ ਔਰਤਾਂ ਅਤੇ ਮਰਦਾਂ ਨੂੰ ਜਾਣੂ ਕਰਵਾਇਆ ਅਤੇ ਅੰਧ ਵਿਸ਼ਵਾਸ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਸਬੰਧੀ ਸੁਚੇਤ ਕੀਤਾ। ਇਸ ਸਮੇਂ ਬੁੱਧ ਤਿਖੂਆ ਨੂੰ ਫਰੀਦਕੋਟ ਅਤੇ ਕੋਟਕਪੂਰਾ ਦੀ ਸੁਸਾਇਟੀ ਦੇ ਮੈਂਬਰਾਂ ਵੱਲੋਂ ਯਾਦਗਾਰੀ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਦੀਪ ਸਿੰਘ, ਰਸ਼ਪਾਲ ਸਿੰਘ, ਆਸ਼ਾ ਰਾਮ, ਗਿਆਨ ਸਿੰਘ, ਹੁਕਮ ਸਿੰਘ, ਹਰਵੀਰ ਸਿੰਘ, ਹੇਮ ਸਿੰਘ ਅਤੇ ਵਿਸ਼ੇਸ਼ ਤੌਰ 'ਤੇ ਕੋਟਕਪੂਰਾ ਤੋਂ ਪੁੱਜੇ ਪ੍ਰਧਾਨ ਸ਼ਾਮਵੀਰ ਸਾਕਿਆ ਆਦਿ ਹਾਜ਼ਰ ਸਨ।